April 30, 2010

# An Update on Measles from Fraser Health

## ਮਾਪਿਆਂ ਲਈ ਛੋਟੀ ਮਾਤਾ ਜਾਂ ਚੇਚਕ ਬਾਰੇ ਜ਼ਰੂਰੀ ਜਾਣਕਾਰੀ

ਸ਼ਾਇਦ ਤੁਹਾਨੂੰ ਪਤਾ ਚਲ ਗਿਆ ਹੋਵੇ ਕਿ ਆਪਣੇ ਸੂਬੇ ਵਿੱਚ ਮੀਜ਼ਲਜ਼ ਜਾਂ ਛੋਟੀ ਮਾਤਾ ਦੀ ਬਿਮਾਰੀ ਫੈਲ ਰਹੀ ਹੈ। ਇਹ ਲੋਅਰ ਮੇਨਲੈਂਡ ਵਿੱਚ ਸ਼ੁਰੂ ਹੋਈ ਸੀ ਅਤੇ ਹੁਣ ਸਾਰੇ ਸੂਬੇ ਵਿੱਚ ਫੈਲ ਚੁੱਕੀ ਹੈ। ਫਰੇਜ਼ਰ ਹੈਲਥ ਦੇ ਖੇਤਰ ਵਿੱਚ 20 ਤੋਂ ਜ਼ਿਆਦਾ ਲੋਕਾਂ ਨੂੰ ਇਹ ਬਿਮਾਰੀ ਹੋਈ ਹੈ ਜਿਸ ਵਿੱਚ ਵਿਦਿਆਰਥੀ ਵੀ ਹਨ ਅਤੇ ਮਾਪੇ ਵੀ। ਅਜੇ ਤੱਕ ਐਬਟਸਫਰਡ ਦੇ ਦੱਖਣੀ ਇਲਾਕੇ ਵਿੱਚ ਕੋਈ ਸ਼ਿਕਾਇਤ ਨਹੀਂ ਹੈ ਆਈ ਲੇਕਿਨ ਇਸਦੇ ਫੈਲਣ ਦੀ ਸੰਭਾਵਨਾ ਹੈ।

ਇਹ ਇੱਕ ਐਸੀ ਖਤਰਨਾਕ ਬਿਮਾਰੀ ਹੈ ਜਿਸ ਨਾਲ ਹਰ 1000 ਮਰੀਜ਼ ਵਿੱਚੋਂ ਇੱਕ ਮਰੀਜ਼ ਦੇ ਦਿਮਾਗ ਓਪਰ ਬਹੁਤ ਖਤਰਨਾਕ ਅਸਰ ਪੈਂਦਾ ਹੈ। ਇਹ ਬਿਮਾਰੀ ਹੁਣ ਤੱਕ ਕੈਨੇਡਾ ਵਿੱਚ ਘੱਟ ਹੀ ਦੇਖਣ ਵਿੱਚ ਆਈ ਹੈ। ਕਿਓਂਕਿ ਇਹਦੇ ਵਿਰੁੱਧ ਟੀਕੇ ਪੈਦਾ ਹੋ ਗਏ ਸਨ, ਇਸ ਕਰਕੇ ਕੈਨੇਡਾ ਦੇ ਛੋਟੇ ਬੱਚਿਆਂ ਨੂੰ ਟੀਕੇ ਲਗੱਦੇ ਰਹੇ ਹਨ। ਕਿਓਂਕਿ ਇਹ ਬਿਮਾਰੀ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਖਤਮ ਨਹੀਂ ਹੋਈ, ਇਥੇ ਆਓਣ ਵਾਲੇ ਯਾਤਰੀ ਇਸ ਬਿਮਾਰੀ ਨੂੰ ਕੈਨੇਡਾ ਲੈ ਆਏ ਹਨ। ਆਪਣੇ ਸੂਬੇ ਵਿੱਚ ਜਿਤਨੇ ਵੀ ਮਰੀਜ਼ ਇਸ ਬਿਮਾਰੀ ਦੇ ਸ਼ਿਕਾਰ ਹਨ, ਓਹ ਹਨ ਜਿਹਨਾਂ ਨੂੰ ਪਹਿਲਾਂ ਇਸ ਬਿਮਾਰੀ ਦਾ ਟੀਕਾ ਨਹੀਂ ਸੀ ਲੱਗਿਆ।

ਇਸ ਬਿਮਾਰੀ ਦੇ ਪੂਰੇ ਇਲਾਜ ਲਈ, ਹਰ ਕੋਈ ਪ੍ਰਾਣੀ ਜਿਸ ਦਾ ਜਨਮ 1956 ਤੋਂ ਮਗਰੋਂ ਹੋਇਆ ਹੈ ਓਹਨੂੰ 2 ਟੀਕੇ ਲੱਗਣੇ ਚਾਹੀਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਅਤੇ ਆਪਣੇ ਬੱਚਿਆਂ ਦੇ ਟੀਕਿਆਂ ਦੀ ਰਿਕਾਰਡ ਜ਼ਰੂਰ ਦੇਖੋ ਤਾਂ ਕਿ ਇਹ ਪਤਾ ਚੱਲ ਸਕੇ ਕਿ ਤੁਹਾਨੂੰ ਇਹ ਟੀਕਾ ਲੱਗ ਚੁੱਕਾ ਹੈ। ਇਸ ਬਿਮਾਰੀ ਲਈ 2 ਟੀਕੇ 1996 ਤੋਂ ਮਗਰੋਂ ਲਗੱਣੇ ਸ਼ੁਰੂ ਹੋਏ ਹਨ ਅਤੇ ਇਹ ਸਾਨੂੰ ਪਤਾ ਹੈ ਕਿ ਇੱਕ ਟੀਕਾ ਸਦਾ ਹੀ ਇਸ ਬਿਮਾਰੀ ਲਈ ਸੰਪੂਰਨ ਨਹੀਂ ਹੈ। ਅਗਰ ਤੁਹਾਡੇ ਕੋਲ ਟੀਕਿਆਂ ਦਾ ਰਿਕਾਰਡ ਨਹੀਂ ਹੈ ਤਾਂ ਆਪਣੇ ਡਾਕਟਰ ਜਾਂ ਪਬਲਿਕ ਹੈਲਥ ਸਸੰਥਾਂ ਨੂੰ ਮਿਲੋ। ਜਿਹੜੇ ਲੋਕ 1956 ਤੋਂ ਪਹਿਲਾਂ ਜਨਮੇ ਸਨ ਜਾਂ ਜਿਹਨਾਂ ਨੂੰ ਇਹ ਬਿਮਾਰੀ ਹੋ ਚੁੱਕੀ ਹੈ, ਓਹਨਾਂ ਨੂੰ ਇਸ ਬਿਮਾਰੀ ਦੇ ਕਿਸੇ ਵੀ ਖਤਰੇ ਦੀ ਚਿੰਤਾ ਨਹੀਂ।

ਅਗਰ ਤੁਹਾਡਾ ਬੱਚਾ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਵੇ ਤਾਂ ਓਹ ਤਿੰਨ ਹਫਤੇ ਲਈ ਸਕੂਲ ਨਹੀਂ ਆ ਸਕੇਗਾ। ਇਸ ਦਾ ਕਾਰਣ ਹੈ ਕਿ ਬਾਕੀ ਬੱਚੇ ਇਸ ਬਿਮਾਰੀ ਦਾ ਸ਼ਿਕਾਰ ਨਾਂ ਹੋਣ। ਇਹ ਸਾਨੂੰ ਪਤਾ ਹੈ ਕਿ ਇਸ ਤਰਾਂ ਨਾਲ ਕਈ ਤਰਾਂ ਦੀਆਂ ਪ੍ਰੀਵਾਰਕ ਅਤੇ ਸਕੂਲ ਦੀਆਂ ਮੁਸ਼ਕਿਲਾਂ ਪੇਸ਼ ਆਓਂਦੀਆਂ ਹਨ। ਹੁਣ ਸਮਾਂ ਹੈ ਕਿ ਅਸੀਂ ਸਾਰੇ ਇਸ ਸੰਦੇਸ਼ ਦਾ ਗੌਰ ਕਰੀਏ ਅਤੇ ਇਸ ਬਿਮਾਰੀ ਦੇ ਸ਼ਿਕਾਰ ਬਣਨ ਦੀ ਰੋਕ ਥਾਮ ਕਰੀਏ। ਅਗਰ ਤੁਹਾਡਾ ਜਨਮ 1956 ਤੋਂ ਮਗਰੋਂ ਹੋਇਆ ਹੈ ਤਾ 2 ਟੀਕੇ ਜ਼ਰੂਰੀ ਹਨ ਅਗਰ ਇਹ ਬਿਮਾਰੀ ਤੁਹਾਨੂੰ ਪਹਿਲਾਂ ਕਦੇ ਨਹੀਂ ਹੋਈ।

ਹੋਰ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਇਸ ਵੈਬ ਸਾਈਟ ਓਪਰ ਜਾਓ: **http://www.immunizebc.ca**
ਤਹਾਡੇ ਸਵਾਲਾਂ ਦੇ ਜਵਾਬ ਡਾਕਟਰ ਕੋਲੋਂ, ਨਰਸਾਂ ਕੋਲੋਂ, ਅਤੇ ਹੈਲਥ ਲਿੰਕ ਬੀ.ਸੀ. (8-1-1) ਕੋਲੋਂ ਮਿਲ ਸਕਦੇ ਹਨ।

### (ਇਹ ਸੰਦੇਸ ਡਾਕਟਰ ਗੌਸਪਰੀਨੀ ਵਲੋਂ ਦਿੱਤਾ ਹੈ ਜੋ ਫਰੇਜ਼ਰ ਹੈਲਥ ਦੇ ਮੁੱਖ ਸਿਹਤ ਅਫਸਰ ਹਨ)

ਵੱਖ ਵੱਖ ਸਿਹਤ ਸਬੰਧੀ ਦਫਤਰਾਂ ਦੇ ਫੋਨ ਤੁਹਾਨੂੰ ਇਸ ਸੰਦੇਸ਼ ਦੇ ਅੰਗਰੇਜ਼ੀ ਦੇ ਹਿੱਸੇ ਵਿੱਚ ਦਿੱਤੇ ਗਏ ਹਨ।